## ਐਜੂਸੈਟ ਰਾਹੀਂ ਪੜ੍ਹੋ ਪੰਜਾਬ ਪ੍ਰੋਗਰਾਮ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਸਬੰਧੀ।

---

ਉਪਰੋਕਤ ਵਿਸ਼ਾ ਅਧੀਨ ਮਿਤੀ 29.7.09 ਨੂੰ ਐਜੂਸੈਟ ਰਾਹੀਂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਵੱਲੋਂ ਪੰਜਾਬ ਰਾਜ ਅੰਦਰ ਸਾਲ 2008-09 ਤੋਂ ਚਲਾਏ ਜਾ ਰਹੇ ਪੜ੍ਹੋ ਪੰਜਾਬ ਪ੍ਰੋਗਰਾਮ ਸਬੰਧੀ ਸਮੂਹ ਬੀ.ਐਮ.ਟੀ., ਸੀ.ਐਮ.ਟੀ. , ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਅਤੇ ਸਹਾਇਕ ਜ਼ਿਲ੍ਹਾ ਕੋਆਰਡੀਨੇਟਰ ਪੜ੍ਹੋ ਪੰਜਾਬ ਨੂੰ ਬਾਅਦ ਦੁਪਹਿਰ 3:00 ਵਜੇ ਤੋਂ ਲੈ ਕੇ 4:30 ਵਜੇ ਤੱਕ ਐਜੂਸੈਟ ਤੋਂ ਸੰਬੋਧਨ ਕੀਤਾ ਗਿਆ। ਇਸ ਦਾ ਮੂਲ ਉਦੇਸ਼ ਪੜ੍ਹੋ ਪੰਜਾਬ ਪ੍ਰੋਗਰਾਮ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਪੱਖੋਂ ਸਰਕਾਰੀ ਪ੍ਰਾਇਮਰੀ ਸਕੂਲਾਂ ਅੰਦਰ ਗੁਣਾਂਤਮਿਕ ਸੁਧਾਰ ਲਿਆਉਣ ਤੋਂ ਸੀ। ਇਸ ਪੱਖੋਂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਜੀ ਵੱਲੋਂ ਹੇਠ ਲਿਖੇ ਮੁੱਦਿਆਂ ਤੇ ਵਿਸਥਾਰ ਸਹਿਤ ਵਿਚਾਰ ਕੀਤਾ ਗਿਆ:-

**ਮਟੀਰੀਅਲ ਦੀ ਵੰਡ:-**

- ਸਕੂਲ ਅੰਦਰ ਮਟੀਰੀਅਲ ਵੰਡਿਆ ਜਾ ਚੁੱਕਿਆ ਹੈ। ਐਪਰ ਹੁਣ ਮਟੀਰੀਅਲ ਵਿਦਿਆਰਥੀਆਂ ਕੋਲ ਅਤੇ ਅਧਿਆਪਕਾਂ ਦੁਆਰਾ ਮਹਿਲ ਲੈਣ ਤੇ ਕੰਮ ਕਰਵਾਉਣ ਸਬੰਧੀ ਇਸ ਦੀ ਮੁਨੀਟਰਿੰਗ ਕਰਨ ਦੀ ਲੋੜ ਹੈ।

**ਬੇਸਲਾਇਨ:-**

- ਸਾਰੇ ਸਕੂਲਾਂ ਦਾ ਬੇਸਲਾਇਨ ਹੋ ਚੁੱਕਿਆ ਹੈ। ਬੇਸਲਾਇਨ ਨੂੰ ਆਧਾਰ ਮੰਨ੍ਹ ਕੇ ਅਧਿਆਪਕਾਂ ਨੂੰ ਬੱਚਿਆਂ ਲਈ ਮਿਹਨਤ ਕਰਨ ਲਈ ਅਧਿਆਪਕਾਂ ਨੂੰ ਪ੍ਰੇਰਿਆ ਜਾਵੇ।

**ਹਰੇਕ ਅਧਿਆਪਕ ਕੋਲ ਮਹਿਲ:-**

- ਮਹਿਲਾਂ ਦੀ ਤਰਕਸੰਗਤ ਵੰਡ ਰਾਹੀਂ ਇਹ ਯਕੀਨੀ ਬਣਾਇਆ ਜਾਵੇ ਕਿ ਹਰੇਕ ਅਧਿਆਪਕ ਮਹਿਲ ਅਨੁਸਾਰ ਬੱਚਿਆਂ ਨੂੰ ਪੜ੍ਹਾਵੇ।

**ਵਿਦਿਆਰਥੀ ਅਧਿਆਪਕ ਅਨੁਪਾਤ:-**

- ਇਹ ਜ਼ਰੂਰ ਧਿਆਨ 'ਚ ਰੱਖਿਆ ਜਾਵੇ ਕਿ ਅਧਿਆਪਕ ਵਿਦਿਆਰਥੀ ਅਨੁਪਾਤ ਸਹੀ ਕੀਤਾ ਜਾਵੇ। ਜੇਕਰ ਕਿਸੇ ਵੀ ਸਕੂਲ ਦੀ ਅਜਿਹੀ ਸਮੱਸਿਆ ਲੱਗਦੀ ਹੈ ਤਾਂ ਤੁਰੰਤ ਇਸ ਬਾਰੇ ਜ਼ਿਲ੍ਹਾ ਕੋਆਰਡੀਨੇਟਰ ਨੂੰ ਦੱਸਿਆ ਜਾਵੇ ।ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਦੇ ਧਿਆਨ 'ਚ ਲਿਆਂਦਾ ਜਾਵੇ।

**ਪੜ੍ਹੋ ਪੰਜਾਬ ਮਟੀਰੀਅਲ ਬਾਰੇ ਜਾਣਕਾਰੀ:-**

- ਸਾਰੇ ਅਧਿਆਪਕਾਂ ਨੂੰ ਇਕ ਵਾਰ ਪੜ੍ਹੋ ਪੰਜਾਬ ਦੇ ਮਟੀਰੀਅਲ ਬਾਰੇ ਜ਼ਰੂਰ ਸਮਝਾ ਦਿੱਤਾ ਜਾਵੇ। ਅਧਿਆਪਕ ਮਟੀਰੀਅਲ ਦੀ ਪੂਰੀ ਜਾਣਕਾਰੀ ਰੱਖਦਾ ਹੋਵੇ।
- ਸੀ.ਐਮ.ਟੀ/ਬੀ.ਐਮ.ਟੀ. ਪੂਰੀ ਮਿਹਨਤ, ਇਮਾਨਦਾਰੀ ਨਾਲ ਆਪਣੇ-ਆਪਣੇ ਏਰੀਆ ਵਿੱਚ ਕੰਮ ਕਰਨ ਅਤੇ ਇਮਾਨਦਾਰੀ ਨਾਲ ਮੁਨੀਟਰ ਕਰਨ। ਚੰਗੇ ਕੰਮ ਕਰਨ ਵਾਲੇ ਅਧਿਆਪਕਾਂ ਦੇ ਨਾਂ ਜ਼ਰੂਰ ਜ਼ਿਲ੍ਹਾ ਕੋਆਰਡੀਨੇਟਰ ਰਾਹੀਂ ਸਟੇਟ ਹੈੱਡ ਕੁਆਟਰ ਤੇ ਭੇਜੇ ਜਾਣ।

**ਬੱਚਿਆਂ ਦੀ ਟੈਸਟਿੰਗ:-**

- ਜਿਸ ਸਕੂਲ ਅੰਦਰ ਵੀ ਵਿਜ਼ਟ ਕਰਨੀ ਹੋਵੇ ਤਾਂ ਉਥੋਂ ਦੇ ਵੱਖ-ਵੱਖ ਮਹਿਲਾਂ ਅਨੁਸਾਰ ਬੱਚਿਆਂ ਦੀ ਟੈਸਟਿੰਗ ਜ਼ਰੂਰ ਕੀਤੀ ਜਾਵੇ ਤਾਂ ਜੋ ਬੱਚਿਆਂ ਦੀ ਪ੍ਰਗਤੀ ਦਾ ਸਮੇਂ ਸਮੇਂ ਸਿਰ ਪਤਾ ਲਗਦਾ ਰਹੇ।

**ਬੱਚਿਆਂ ਦੀ ਮਹਿਲਾਂ ਅਨੁਸਾਰ ਤਰੱਕੀ:-**

- ਇਹ ਵੀ ਦੇਖਣ 'ਚ ਅਕਸਰ ਆਉਂਦਾ ਹੈ ਕਿ ਕਈ ਵਾਰ ਅਧਿਆਪਕ ਵੀ ਬੱਚੇ ਦੀ ਮਹਿਲਾਂ ਅਨੁਸਾਰ ਤਰੱਕੀ ਨਹੀਂ ਕਰਦੇ, ਜਿਸ ਕਰਕੇ ਪੜ੍ਹੋ ਪੰਜਾਬ ਦੇ ਨਤੀਜਿਆਂ ਤੇ ਮਾੜਾ ਅਸਰ ਪੈਂਦਾ ਹੈ। ਬੀ.ਐਮ.ਟੀ/ਸੀ.ਐਮ.ਟੀ. ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਕਿ ਬੱਚਿਆਂ ਦੀ ਮਹਿਲਾਂ ਅਨੁਸਾਰ ਪ੍ਰਗਤੀ ਜ਼ਰੂਰੀ ਬਣਾਈ ਜਾਵੇ।

**ਅੱਖਰ ਮਹਿਲ ਅਤੇ ਅੰਕ ਮਹਿਲ:-**

- ਅਗਸਤ ਮਹੀਨੇ ਅੰਦਰ ਅਸੀਂ ਅੱਖਰ ਮਹਿਲ ਅਤੇ ਅੰਕ ਮਹਿਲ ਦੇ ਬੱਚਿਆਂ ਤੇ ਵਿਸ਼ੇਸ਼ ਧਿਆਨ ਫੋਕਸ ਕਰਕੇ ਇਸ ਮਹਿਲ ਦੀ ਸਭ ਤੋਂ ਪਹਿਲਾ ਪ੍ਰਗਤੀ ਕਰਨੀ ਹੈ।

**<u>ਆਰੰਭਕ ਪੱਧਰ ਨੂੰ ਨਿੱਲ ਕਰਨਾ:-</u>**

- ਇਸ ਮਹੀਨੇ ਦੇ ਆਖੀਰ ਤੱਕ ਹਰ ਹਾਲਤ ਵਿੱਚ ਭਾਸ਼ਾ ਅਤੇ ਗਣਿਤ ਵਿੱਚ ਆਰੰਭਕ ਪੱਧਰ ਦੇ ਬੱਚਿਆਂ ਦੀ ਗਿਣਤੀ ਨਿਲ ਕਰਨੀ ਹੈ। ਜਿਹੜੇ ਅਧਿਆਪਕ ਇਹ ਮਹਿਲ ਲੈ ਰਹੇ ਹਨ ਉਹਨਾਂ ਦੀ ਮੁਨੀਟਰਿੰਗ ਵਧੇਰੇ ਕਰਦਿਆਂ ਅਸੀਂ ਇਸ ਮਹਿਲ ਦੇ ਅਧਿਆਪਕਾਂ ਨੂੰ ਸਹਿਯੋਗ ਦੇਣਾ ਹੈ ਅਤੇ ਆਪਣੇ-ਆਪਣੇ ਕਲੱਸਟਰ/ਬਲਾਕ ਦੇ ਟੀਚੇ ਨੂੰ ਪੂਰਾ ਕਰਨਾ ਹੈ।

**<u>ਅੰਗਰੇਜ਼ੀ:-</u>**

- ਸਕੂਲਾਂ ਅੰਦਰ ਇਸ ਸਾਲ ਅੰਗਰੇਜ਼ੀ ਪ੍ਰੋਗਰਾਮ ਇੰਟਰੋਡਿਊਸ ਕੀਤਾ ਗਿਆ ਹੈ ਸੋ ਸਾਰੇ ਬੱਚਿਆਂ ਦੇ ਅੰਗਰੇਜ਼ੀ ਵਿੱਚ ਸੈਲਫ਼-ਇੰਟਰੋਡੈਕਸ਼ਨ ਕਰਨੀ ਸਿਖਾਈ ਜਾਵੇ ਅਤੇ ਅੰਗਰੇਜ਼ੀ ਪ੍ਰੋਗਰਾਮ ਦੀ ਇਸ ਪੱਖੋਂ ਮੁਨੀਟਰਿੰਗ ਕੀਤੀ ਜਾਵੇ।

- **<u>ਰੀਡਿੰਗ ਕਾਰਨਰ/ਰੀਡਿੰਗ ਸੈੱਲ</u>** ਸਕੂਲਾਂ ਅੰਦਰ ਸੈੱਟਅੱਪ ਕੀਤੇ ਗਏ ਹਨ । ਮੈਗਜ਼ੀਨ ਅਤੇ ਕਿਤਾਬਾਂ ਸਕੂਲਾਂ ਅੰਦਰ ਬੱਚਿਆਂ ਦੀਆਂ ਪੜ੍ਹਨ ਰੁਚੀਆਂ ਵਿਕਸਿਤ ਕਰਨ ਪੱਖੋਂ ਭੇਜੀਆਂ ਗਈਆਂ ਹਨ।ਸੋ ਬੀ.ਐਮ.ਟੀ/ਸੀ.ਐਮ.ਟੀ. ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਣ ਕਿ ਬੱਚਿਆਂ ਨੂੰ ਕਿਤਾਬਾਂ ਮੈਗਜ਼ੀਨ ਜ਼ਰੂਰ ਅਧਿਆਪਕ ਪੜ੍ਹਨ ਲਈ ਦੇਵੇ ਅਤੇ ਇਹ ਵੀ ਨੋਟ ਕੀਤਾ ਜਾਵੇ ਕਿ ਇਕ ਹਫ਼ਤੇ/ਮਹੀਨੇ ਅੰਦਰ ਸਕੂਲ ਅਧਿਆਪਕ ਵਜੋਂ ਕਿੰਨੀਆਂ ਕਿਤਾਬਾਂ ਬੱਚਿਆਂ ਨੂੰ ਜਾਰੀ ਹੋਈਆਂ ਹਨ।

**<u>ਹੁਸ਼ਿਆਰ ਵਿਦਿਆਰਥੀਆਂ ਬਾਰੇ:-</u>**

- ਪੜ੍ਹੋ ਪੰਜਾਬ ਪ੍ਰੋਗਰਾਮ ਤਹਿਤ ਪੜ੍ਹਾਈ ਵਿੱਚ ਪਛੜੇ ਬੱਚਿਆਂ ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ ਪਰ ਸੀ.ਐਮ.ਟੀ/ਬੀ.ਐਮ.ਟੀ. ਹੁਸ਼ਿਆਰ ਵਿਦਿਆਰਥੀਆਂ ਤੇ ਵੀ ਧਿਆਨ ਕੇਂਦਰਿਤ ਕਰਨ। ਇਹਨਾਂ ਵਿਦਿਆਰਥੀਆਂ ਦੇ ਨਾਂ ਆਪਣੀ ਡਾਇਰੀ ਵਿੱਚ ਲਿਖਣ। ਅਤੇ ਸਮੇਂ-ਸਮੇਂ ਸਿਰ ਇਹਨਾਂ ਵਿਦਿਆਰਥੀਆਂ ਦੀ ਅਗਵਾਈ ਕੀਤੀ ਜਾਵੇ।

- **<u>ਜਵਾਹਰ ਨਵੋਦਿਆ ਵਿਦਿਆਲਿਆ</u>** ਲਈ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਤਿਆਰੀ ਕਰਵਾਈ ਜਾਵੇ ਅਤੇ ਇਸ ਸਬੰਧੀ ਅਧਿਆਪਕਾਂ ਨੂੰ ਵੀ ਕਿਹਾ ਜਾਵੇ । ਇਸ ਦੀਆਂ ਵੀ ਲਿਸਟਾਂ ਵੀ ਤਿਆਰ ਕੀਤੀਆਂ ਜਾਣ।
- <u>ਟੀ.ਐਲ.ਐਮ:</u> ਇਸ ਵਾਰ ਸਮੂਹ ਪ੍ਰਾਇਮਰੀ ਸਕੂਲਾਂ ਅੰਦਰ ਟੀ.ਐਲ.ਐਮ. ਅਧਿਆਪਕ ਖੁਦ ਤਿਆਰ ਕਰਨਗੇ। ਸੀ.ਐਮ.ਟੀ/ ਬੀ.ਐਮ.ਟੀ. ਅਧਿਆਪਕ ਨੂੰ ਸਹਿਯੋਗ ਦੇਵੇਗਾ। ਸਟੇਟ ਪੱਧਰ ਤੇ ਇਸ ਦੀਆਂ ਦੋ ਵਰਕਸ਼ਾਪਾਂ ਲੱਗ ਚੁੱਕੀਆਂ ਹਨ। ਸਟੇਟ ਪੱਧਰ ਤੇ ਮਾਸਟਰ ਟ੍ਰੇਨਿਰ ਨੂੰ ਟ੍ਰੇਨਿੰਗ ਦਿੱਤੀ ਜਾਵੇਗੀ ਅੱਗੇ ਜ਼ਿਲ੍ਹਾ ਪੱਧਰ ਤੇ ਬੀ.ਐਮ.ਟੀ/ਸੀ.ਐਮ.ਟੀ.ਨੂੰ ਟ੍ਰੇਨਿੰਗ ਦਿੱਤੀ ਜਾਵੇਗੀ ਫਿਰ ਇਹ ਅੱਗੋਂ ਅਧਿਆਪਕਾਂ ਦੀ ਟੀ.ਐਲ.ਐਮ.ਬਣਾਉਣ ਵਿੱਚ ਮੱਦਦ ਕਰਨਗੇ।
- <u>ਪ੍ਰਗਤੀ ਕਾਰਡ:</u> ਇਹ ਜ਼ਰੂਰ ਦੇਖਿਆ ਜਾਵੇ ਕਿ ਸਕੂਲਾਂ ਅੰਦਰ ਭੇਜੇ ਗਏ ਪ੍ਰਗਤੀ ਕਾਰਡ/ਪ੍ਰੀਖਿਆ ਸਬੰਧੀ ਅਧਿਆਪਕਾਂ ਦੁਆਰਾ ਜ਼ਰੂਰ ਭਰੇ ਜਾਂਦੇ ਹੋਣ। ਤਾਂ ਜੋ ਬੱਚੇ ਦਾ ਰਿਕਾਰਡ ਅਤੇ ਤਰੱਕੀ ਨੂੰ ਵਾਚਿਆ ਜਾ ਸਕੇ।

<u>ਨਕਸ਼ੇ:-</u>

- ਹਰੇਕ ਸਕੂਲ ਅੰਦਰ ਭਾਰਤ, ਪੰਜਾਬ ਅਤੇ ਜ਼ਿਲ੍ਹੇ ਦਾ ਨਕਸ਼ਾ ਜ਼ਰੂਰ ਬਣਿਆ ਹੋਣਾ ਚਾਹੀਦਾ ਹੈ।

<u>ਫਲੈਗ ਪੋਲ:-</u>

- ਸਕੂਲਾਂ ਅੰਦਰ ਫਲੈਗ ਪੋਲ ਲੱਗਿਆ ਹੋਣਾ ਚਾਹੀਦਾ ਹੈ।

<u>ਵਰਾਂਡਿਆਂ ’ਚ ਤਿੰਨ ਰੰਗ:-</u>

- ਸਕੂਲ ਦੇ ਵਰਾਡਿਆਂ ਦੇ ਸਤੰਭਾ ਤੇ ਤਿੰਨ ਰੰਗ ਕੇਸਰੀ, ਚਿੱਟਾ ਅਤੇ ਹਰਾ ਕੀਤਾ ਹੋਵੇ।

ਡਾ.ਦਵਿੰਦਰ ਸਿੰਘ

**ਏ.ਐਸ.ਪੀ.ਡੀ(ਮੀਡੀਆ)**